# ਪੰਜਾਬ ਸਕੂਲ ਸਿੱਖਿਆ ਬੋਰਡ

## ਸੂਚਨਾ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਅੱਠਵੀਂ ਤੋਂ ਬਾਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਵੇਰਵਿਆਂ (ਨਾਂ,ਪਿਤਾ/ਮਾਤਾ ਦਾ ਨਾਂ, ਜਨਮ ਮਿਤੀ, ਰਜਿਸਟ੍ਰੇਸ਼ਨ ਨੰ. ਆਦਿ), ਫੋਟੋ, ਹਸਤਾਖਰ, ਵਿਸ਼ੇ ਅਤੇ ਸਟਰੀਮ ਵਿੱਚ ਜੇਕਰ ਗਲਤ ਇੰਦਰਾਜ਼ ਕਰ ਦਿੱਤੇ ਗਏ ਹਨ, ਤਾਂ ਅਜਿਹੀਆਂ ਗਲਤੀਆਂ ਨੂੰ ਸੋਧਣ ਲਈ ਹੇਠ ਲਿਖੇ ਸ਼ਡਿਊਲ ਅਨੁਸਾਰ ਸਮਾਂ ਦਿੰਦੇ ਹੋਏ ਮੌਕਾ ਦਿੱਤਾ ਜਾਂਦਾ ਹੈ:-

| ਲੜੀ ਨੰ: | ਸੋਧ ਦੀ ਕਿਸਮ | ਪ੍ਰਤਿ ਸੋਧ ਫੀਸ | ਸੋਧ ਵੈਰੀਫਾਈ ਕਰਨ ਦੀ ਵਿਧੀ |
|---|---|---|---|
| 1. | ਵੇਰਵਿਆਂ ਦੀ ਸੋਧ (ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ, ਫੋਟੋ ਅਤੇ ਹਸਤਾਖਰਾਂ ਨੂੰ ਛੱਡ ਕੇ) | ਬਿਨ੍ਹਾਂ ਫੀਸ ਮਿਤੀ 20/09/2025 ਤੋਂ 30/09/2025 ਤੱਕ | 1 Correction Generate ਕਰਨ ਸਮੇਂ ਸਕੂਲ ਨੂੰ Final Submit & Verify ਦਾ ਬਟਨ ਦਿਖਾਈ ਦੇਵੇਗਾ।<br>2 Final Submit & Verify ਬਟਨ ਤੇ ਕਲਿੱਕ ਕਰਨ ਤੇ Correction Lot Generate ਹੋ ਜਾਵੇਗਾ ਅਤੇ ਨਾਲ ਹੀ ਵੈਰੀਫਾਈ ਵੀ ਹੋ ਜਾਵੇਗਾ।<br>3 Final Submit & Verify ਨੂੰ ਕਲਿੱਕ ਕਰਨ ਤੋਂ ਪਹਿਲਾਂ Rough Print ਚੈੱਕ ਕਰਨਾ ਯਕੀਨੀ ਬਣਾਇਆ ਜਾਵੇ। |
| | | 200/- ਰੁ. ਪ੍ਰਤਿ ਸੋਧ ਫੀਸ ਮਿਤੀ 01/10/2025 ਤੋਂ 15/10/2025 ਤੱਕ | 1 ਇਸ ਸ਼ਡਿਊਲ ਦੌਰਾਨ ਸਕੂਲ ਨੂੰ ਕੇਵਲ Final Submit ਦਾ ਬਟਨ ਦਿਖਾਈ ਦੇਵੇਗਾ।<br>2 Final Submit ਦੇ ਬਟਨ ਤੇ ਕਲਿੱਕ ਕਰਨ ਤੇ Correction Lot Generate ਹੋ ਜਾਵੇਗਾ।<br>3 ਤਸਦੀਕਸ਼ੁਦਾ ਕੁਰੈਕਸ਼ਨ ਪ੍ਰੋਫਾਰਮਾ ਦੀ ਕਾਪੀ ਸਮੇਤ ਦਸਤਾਵੇਜ਼ ਅਤੇ ਬਣਦੀ ਸੋਧ ਫੀਸ ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਵੈਰੀਫਾਈ ਕਰਨ ਹਿੱਤ ਜਮ੍ਹਾਂ ਕਰਵਾਏ ਜਾਣਗੇ। |
| 2. | ਰਜਿਸਟ੍ਰੇਸ਼ਨ ਨੰਬਰ, ਵਿਸ਼ੇ ਅਤੇ ਸਟਰੀਮ ਦੀ ਸੋਧ | 1000/- ਰੁ. ਪ੍ਰਤਿ ਸੋਧ ਫੀਸ ਮਿਤੀ 20/09/2025 | 1 ਇਸ ਸ਼ਡਿਊਲ ਦੌਰਾਨ ਸਕੂਲ ਨੂੰ ਕੇਵਲ Final Submit ਦਾ ਬਟਨ ਦਿਖਾਈ ਦੇਵੇਗਾ।<br>2 Final Submit ਦੇ ਬਟਨ ਤੇ ਕਲਿੱਕ |

| | | | |
|---|---|---|---|
| | | ਤੋਂ 15/10/2025 ਤੱਕ | ਕਰਨ ਤੇ Correction Lot Generate ਹੋ ਜਾਵੇਗਾ।<br>3 ਤਸਦੀਕਸ਼ੁਦਾ ਕੁਰੈਕਸ਼ਨ ਪ੍ਰੋਫਾਰਮਾ ਦੀ ਕਾਪੀ ਸਮੇਤ ਦਸਤਾਵੇਜ਼ ਅਤੇ ਬਣਦੀ ਸੋਧ ਫੀਸ ਮੁੱਖ ਦਫਤਰ ਵਿਖੇ ਵਿਸ਼ੇ ਅਤੇ ਸਟਰੀਮ ਦੀ ਸੋਧ ਲਈ ਸਬੰਧਤ ਸ਼ਾਖਾ (ਨੌਵੀਂ/ ਗਿਆਰਵੀਂ ਲਈ ਰਜਿਸਟਰੇਸ਼ਨ ਸ਼ਾਖਾ ਅਤੇ ਅੱਠਵੀਂ, ਦਸਵੀਂ ਤੇ ਬਾਰਵੀਂ ਲਈ ਪ੍ਰੀਖਿਆ ਸ਼ਾਖਾਵਾਂ ) ਵਿੱਚ ਅਤੇ ਰਜਿਸਟਰੇਸ਼ਨ ਨੰਬਰ ਦੀ ਸੋਧ ਲਈ ਰਜਿਸਟਰੇਸ਼ਨ ਸ਼ਾਖਾ ਵਿੱਚ ਵੈਰੀਫਾਈ ਕਰਨ ਹਿੱਤ ਜਮ੍ਹਾਂ ਕਰਵਾਏ ਜਾਣਗੇ। |
| 3. | ਜਨਮ ਮਿਤੀ, ਫੋਟੋ ਅਤੇ ਹਸਤਾਖਰ | 1000/- ਰੁ. ਪ੍ਰਤਿ ਸੋਧ ਫੀਸ ਮਿਤੀ 20/09/2025 ਤੋਂ 15/10/2025 ਤੱਕ | 1 ਇਸ ਸ਼ਡਿਊਲ ਦੌਰਾਨ ਸਕੂਲ ਨੂੰ ਕੇਵਲ Final Submit ਦਾ ਬਟਨ ਦਿਖਾਈ ਦੇਵੇਗਾ।<br>2 Final Submit ਦੇ ਬਟਨ ਤੇ ਕਲਿੱਕ ਕਰਨ ਤੇ Correction Lot Generate ਹੋ ਜਾਵੇਗਾ।<br>3 ਇਹਨਾਂ ਸੋਧਾਂ ਨੂੰ ਵੈਰੀਫਾਈ ਕਰਵਾਉਣ ਲਈ ਸਬੰਧਤ ਸਕੂਲ ਮੁਖੀ ਦੁਆਰਾ ਤਸਦੀਕਸ਼ੁਦਾ ਕੁਰੈਕਸ਼ਨ ਪ੍ਰੋਫਾਰਮਾ ਦੀ ਕਾਪੀ ਸਮੇਤ ਦਸਤਾਵੇਜ਼ ਅਤੇ ਬਣਦੀ ਫੀਸ ਨਾਲ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ(ਨੌਵੀਂ/ ਗਿਆਰਵੀਂ ਲਈ ਰਜਿਸਟਰੇਸ਼ਨ ਸ਼ਾਖਾ ਅਤੇ ਅੱਠਵੀਂ, ਦਸਵੀਂ ਤੇ ਬਾਰਵੀਂ ਲਈ ਪ੍ਰੀਖਿਆ ਸ਼ਾਖਾਵਾਂ) ਰਾਹੀਂ ਮਾਨਯੋਗ ਚੇਅਰਮੈਨ ਸਾਹਿਬ ਜੀ ਦੇ ਸਨਮੁੱਖ ਪੇਸ਼ ਹੋਣ ਤੇ ਸੋਧ ਕਰਨ ਦੀ ਪ੍ਰਵਾਨਗੀ ਲਈ ਜਾ ਸਕਦੀ ਹੈ। |

Correction ਕਰਨ ਲਈ ਹਦਾਇਤਾਂ/Process ਹੇਠ ਲਿਖੇ ਅਨੁਸਾਰ ਹਨ :-

**ਹਦਾਇਤਾਂ :-**

1 ਬਿਨ੍ਹਾਂ ਫੀਸ ਦੇ ਸ਼ਡਿਊਲ ਦੌਰਾਨ ਵੇਰਵਿਆਂ ਦੀ ਸੋਧਾਂ (ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ, ਫੋਟੋ ਅਤੇ ਹਸਤਾਖਰਾਂ ਨੂੰ ਛੱਡ ਕੇ) ਸਕੂਲ ਪੱਧਰ ਤੇ ਵੈਰੀਫਾਈ ਹੋਣਗੀਆਂ। ਸਕੂਲ ਪੱਧਰ ਤੇ ਸੋਧਾਂ ਵੈਰੀਫਾਈ ਕਰਨ ਲਈ ਸਕੂਲ ਮੁੱਖੀ ਵੇਰਵਿਆਂ ਦੀਆਂ ਸੋਧਾਂ ਲਈ ਪਿਛਲੀ ਸ੍ਰੇਣੀ ਪਾਸ ਦਾ ਸਰਟੀਫਿਕੇਟ/ ਜਨਮ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਰਿਕਾਰਡ ਨੂੰ ਚੈਕ ਕਰਨਾ ਯਕੀਨੀ ਬਨਾਉਣ। ਦਸਤਾਵੇਜ ਚੈਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। ਇਸ ਕਰਕੇ ਦਸਤਾਵੇਜ ਚੰਗੀ ਤਰ੍ਹਾਂ ਘੋਖਣ ਉਪਰੰਤ ਹੀ ਵਿਦਿਆਰਥੀਆਂ ਦੇ ਵੇਰਵਿਆਂ ਵਿੱਚ ਸੋਧਾਂ ਕਰਨ ਲਈ Correction Performa ਜਨਰੇਟ ਕੀਤਾ ਜਾਵੇ। ਜੇਕਰ ਕਿਸੇ ਕਿਸਮ ਦੇ ਗਲਤ ਤੱਥਾਂ ਦੇ ਆਧਾਰ ਤੇ ਕੋਈ ਵੀ ਸੋਧ ਕੀਤੀ ਜਾਂਦੀ ਹੈ ਤਾਂ ਇਸ ਦਾ ਜ਼ਿੰਮੇਵਾਰ ਸਕੂਲ ਮੁੱਖੀ ਹੀ ਹੋਵੇਗਾ। ਬੋਰਡ ਵੱਲੋਂ ਸਕੂਲਾਂ ਵਿੱਚ ਟੀਮਾਂ ਭੇਜ ਕੇ ਕਿਸੇ ਵੀ ਸਮੇਂ ਸਕੂਲ ਪੱਧਰ ਤੇ ਕੀਤੀਆਂ ਗਈਆ ਸੋਧਾਂ ਦੇ ਦਸਤਾਵੇਜ਼ ਚੈੱਕ ਕਰਵਾਏ ਜਾ ਸਕਦੇ ਹਨ।

2 ਸਮੇਤ ਫੀਸ ਦੇ ਸ਼ਡਿਊਲ ਦੌਰਾਨ ਵੇਰਵਿਆਂ ਦੀ ਸੋਧਾਂ (ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ, ਫੋਟੋ ਅਤੇ ਹਸਤਾਖਰਾਂ ਨੂੰ ਛੱਡ ਕੇ) ਜ਼ਿਲ੍ਹਾ ਖੇਤਰੀ ਦਫਤਰਾਂ ਵਿੱਚ ਵੈਰੀਫਾਈ ਹੋਣਗੀਆਂ। ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਸੋਧਾਂ ਵੈਰੀਫਾਈ ਕਰਵਾਉਣ ਲਈ ਪਿਛਲੀ ਸ੍ਰੇਣੀ ਪਾਸ ਦਾ ਸਰਟੀਫਿਕੇਟ/ ਜਨਮ ਸਰਟੀਫਿਕੇਟ, ਦਾਖਲਾ ਖਾਰਜ ਰਜਿਸਟਰ ਅਸਲ ਤੇ ਤਸਦੀਕਸ਼ੁਦਾ ਕਾਪੀ, ਤਸਦੀਕਸ਼ੁਦਾ Correction Performa ਅਤੇ ਹੋਰ ਲੋੜੀਂਦਾ ਰਿਕਾਰਡ (ਲੋੜ ਪੈਣ ਤੇ ਜ਼ਿਲ੍ਹਾ ਖੇਤਰੀ ਦਫਤਰ ਦੀ ਮੰਗ ਅਨੁਸਾਰ) ਸਮੇਤ ਬਣਦੀ ਫੀਸ ਦਿੱਤੇ ਗਏ ਸ਼ਡਿਊਲ ਅਨੁਸਾਰ ਜਮ੍ਹਾਂ ਕਰਵਾ ਕੇ ਸੋਧਾਂ ਨੂੰ Verify ਕਰਵਾਉਣਾ ਯਕੀਨੀ ਬਣਾਇਆ ਜਾਵੇ।

3 ਰਜਿਸਟ੍ਰੇਸ਼ਨ ਨੰਬਰ ਦੀ ਸੋਧ ਲਈ ਸਕੂਲ ਦਾ ਫਾਰਵਰਡਿੰਗ ਲੈਟਰ, ਵਿਦਿਆਰਥੀ ਨੂੰ ਸਭ ਤੋਂ ਪਹਿਲਾਂ ਜਿਸ ਵੀ ਸ੍ਰੇਣੀ ਵਿੱਚ ਪੰਜਾਬ ਬੋਰਡ ਦਾ ਰਜਿਸਟਰੇਸ਼ਨ ਨੰਬਰ ਜਾਰੀ ਹੋਇਆ ਹੈ, ਦੇ ਸਰਟੀਫਿਕੇਟ/ਫਾਈਨਲ ਪ੍ਰਿੰਟ ਦੀ ਕਾਪੀ ਅਤੇ ਤਸਦੀਕਸ਼ੁਦਾ Correction Performa ਸਮੇਤ ਫੀਸ (ਸ਼ਡਿਊਲ ਅਨੁਸਾਰ) ਮੁੱਖ ਦਫਤਰ ਵਿਖੇ ਰਜਿਸਟਰੇਸ਼ਨ ਸ਼ਾਖਾ ਵਿੱਚ ਪਹੁੰਚ ਕਰਕੇ ਸੋਧ ਕਰਵਾਈ ਜਾ ਸਕਦੀ ਹੈ।

4 ਵਿਸ਼ੇ ਅਤੇ ਸਟਰੀਮ ਦੀ ਸੋਧ ਲਈ ਸਕੂਲ ਦਾ ਫਾਰਵਰਡਿੰਗ ਲੈਟਰ, ਤਸਦੀਕਸ਼ੁਦਾ Correction Performa, ਦਾਖਲਾ ਖਾਰਜ ਰਜਿਸਟਰ ਅਸਲ ਤੇ ਤਸਦੀਕਸ਼ੁਦਾ ਕਾਪੀ, ਵਿਸ਼ਾਵਾਰ ਹਾਜ਼ਰੀ ਰਜਿਸਟਰ ਅਸਲ ਤੇ ਤਸਦੀਕਸ਼ੁਦਾ ਕਾਪੀ, ਚਾਲੂ ਸ੍ਰੇਣੀ ਦੇ ਛਿਮਾਹੀ ਨਤੀਜੇ ਦੀ ਕਾਪੀ, ਦਸਵੀਂ ਤੇ ਬਾਰਵੀਂ ਸ੍ਰੇਣੀਆਂ ਦੇ NSQF ਵਿਸ਼ਿਆਂ ਦੀ ਸੋਧ ਕਰਵਾਉਣ ਲਈ ਉਕਤ ਦਸਤਾਵੇਜ਼ਾਂ ਤੋਂ ਇਲਾਵਾ ਹੇਠਲੀ ਸ੍ਰੇਣੀ (ਨੌਵੀਂ ਜਾਂ ਗਿਆਰਵੀਂ) ਵਿੱਚ ਪੜ੍ਹੇ ਗਏ NSQF ਵਿਸ਼ੇ ਦੇ ਨਤੀਜੇ ਦੀ ਕਾਪੀ ਅਤੇ ਬਾਰਵੀਂ ਸ੍ਰੇਣੀ ਵਿੱਚ ਸਟਰੀਮ ਦੀ ਸੋਧ ਕਰਵਾਉਣ ਦੀ ਸੂਰਤ

ਵਿੱਚ ਪ੍ਰੀਖਿਆਰਥੀ ਦੇ ਗਿਆਰਵੀਂ ਸ਼੍ਰੇਣੀ ਪਾਸ ਦਾ ਸਰਟੀਫਿਕੇਟ ਅਸਲ ਤੇ ਤਸਦੀਕਸ਼ੁਦਾ ਕਾਪੀ ਅਤੇ ਚਾਲੂ ਸੈਸ਼ਨ ਬਾਰਵੀਂ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੇ ਰਿਪੋਰਟ ਕਾਰਡ ਅਸਲ ਤੇ ਤਸਦੀਕਸ਼ੁਦਾ ਕਾਪੀ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ (ਨੌਵੀਂ/ ਗਿਆਰਵੀਂ ਲਈ ਰਜਿਸਟਰੇਸ਼ਨ ਸ਼ਾਖਾ ਅਤੇ ਅੱਠਵੀਂ, ਦਸਵੀਂ ਤੇ ਬਾਰਵੀਂ ਲਈ ਪ੍ਰੀਖਿਆ ਸ਼ਾਖਾਵਾਂ) ਵਿੱਚ ਪਹੁੰਚ ਕਰਕੇ ਸੋਧਾਂ ਕਰਵਾਈਆਂ ਜਾ ਸਕਦੀਆਂ ਹਨ।

5 ਫੋਟੋ ਅਤੇ ਹਸਤਾਖਰ ਦੀ ਸੋਧ ਲਈ ਸਕੂਲ ਦਾ ਫਾਰਵਰਡਿੰਗ ਲੈਟਰ ਅਤੇ ਆਧਾਰ ਕਾਰਡ ਅਸਲ ਤੇ ਤਸਦੀਕਸ਼ੁਦਾ ਕਾਪੀ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ (ਨੌਵੀਂ/ ਗਿਆਰਵੀਂ ਲਈ ਰਜਿਸਟਰੇਸ਼ਨ ਸ਼ਾਖਾ ਅਤੇ ਅੱਠਵੀਂ, ਦਸਵੀਂ ਤੇ ਬਾਰਵੀਂ ਲਈ ਪ੍ਰੀਖਿਆ ਸ਼ਾਖਾਵਾਂ) ਰਾਹੀਂ ਮਾਨਯੋਗ ਚੇਅਰਮੈਨ ਸਾਹਿਬ ਜੀ ਦੇ ਸਨਮੁੱਖ ਸਕੂਲ ਮੁਖੀ ਸਮੇਤ ਰਿਕਾਰਡ ਪੇਸ਼ ਹੋਣ ਤੇ ਸੋਧ ਕਰਨ ਦੀ ਪ੍ਰਵਾਨਗੀ ਲਈ ਜਾ ਸਕਦੀ ਹੈ।

6 ਜਨਮ ਮਿਤੀ ਦੀ ਸੋਧ ਲਈ ਸਕੂਲ ਮੁਖੀ ਦੁਆਰਾ ਸਕੂਲ ਦਾ ਫਾਰਵਰਡਿੰਗ ਲੈਟਰ, ਤਸਦੀਕਸ਼ੁਦਾ ਕੁਰੈਕਸ਼ਨ ਪ੍ਰੋਫਾਰਮਾ ਦੀ ਕਾਪੀ, ਦਾਖਲਾ ਖਾਰਜ ਰਜਿਸਟਰ ਅਸਲ ਤੇ ਤਸਦੀਕਸ਼ੁਦਾ ਕਾਪੀ, ਜਨਮ ਸਰਟੀਫਿਕੇਟ ਅਸਲ ਤੇ ਤਸਦੀਕਸ਼ੁਦਾ ਕਾਪੀ, ਹੇਠਲੀ ਸ਼੍ਰੇਣੀ ਪਾਸ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ, ਆਧਾਰ ਕਾਰਡ ਜਾਂ ਪਾਸਪੋਰਟ ਅਸਲ ਤੇ ਤਸਦੀਕਸ਼ੁਦਾ ਕਾਪੀ ਅਤੇ ਬਣਦੀ ਫੀਸ ਨਾਲ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ (ਨੌਵੀਂ/ ਗਿਆਰਵੀਂ ਲਈ ਰਜਿਸਟਰੇਸ਼ਨ ਸ਼ਾਖਾ ਅਤੇ ਅੱਠਵੀਂ, ਦਸਵੀਂ ਤੇ ਬਾਰਵੀਂ ਲਈ ਪ੍ਰੀਖਿਆ ਸ਼ਾਖਾਵਾਂ) ਰਾਹੀਂ ਮਾਨਯੋਗ ਚੇਅਰਮੈਨ ਸਾਹਿਬ ਜੀ ਦੇ ਸਨਮੁੱਖ ਪੇਸ਼ ਹੋਣ ਤੇ ਸੋਧ ਕਰਨ ਦੀ ਪ੍ਰਵਾਨਗੀ ਲਈ ਜਾ ਸਕਦੀ ਹੈ।

**Steps to generate Correction Performa**

1. School Login ਕਰਨ ਉਪਰੰਤ Correction Performa ਦੇ ਲਿੰਕ ਤੇ ਕਲਿੱਕ ਕੀਤਾ ਜਾਵੇ।
2. (i) Particular Correction Performa- ਤੇ ਕਲਿੱਕ ਕਰਨ ਤੇ ਚਾਰ ਆਪਸ਼ਨ ਦਿਖਾਈ ਦੇਣਗੇ:-
   ੳ) Date of Birth ਅ ) Registration Number ੲ) Other than Reg. No and DOB ਸ) Stream

   ਜਦੋਂ ਸਕੂਲ Other than Reg. No and DOB ਤੇ ਕਲਿੱਕ ਕਰੇਗਾ ਤਾਂ ਹੇਠ ਲਿਖੇ ਆਪਸ਼ਨ show ਹੋਣਗੇ:-

   ਵਿਦਿਆਰਥੀ ਦਾ ਨਾਂ, ਪਿਤਾ/ਮਾਤਾ ਦਾ ਨਾਂ, ਆਦਿ ਸੋਧ ਲਈ ਜਨਰੇਟ ਕੀਤਾ ਜਾਵੇ।

   (ii) Photo/ Signature Correction Performa- ਇਹ ਪ੍ਰੋਫਾਰਮਾ ਵਿਦਿਆਰਥੀਆਂ ਦੀ ਫੋਟੋ ਅਤੇ ਸਾਈਨ ਦੀ ਸੋਧ ਲਈ ਜਨਰੇਟ ਕੀਤਾ ਜਾਵੇ।

   (iii) Subject Correction Performa- ਇਹ ਪ੍ਰੋਫਾਰਮਾ ਵਿਦਿਆਰਥੀਆਂ ਦੇ ਸਟਰੀਮ ਅਤੇ ਵਿਸ਼ਿਆਂ ਦੀ ਸੋਧ ਲਈ ਜਨਰੇਟ ਕੀਤਾ ਜਾਵੇ।

ਇਹਨਾਂ options ਵਿੱਚੋਂ ਜੋ ਵੀ correction ਕਰਨੀ ਹੈ, ਉਸ option ਨੂੰ ਹੀ select ਕੀਤਾ ਜਾਵੇ।

3. ਇਸ ਤੋਂ ਬਾਅਦ Class ਦੀ option ਵਿੱਚ class select ਕੀਤੀ ਜਾਵੇ ਅਤੇ Student Unique Id ਦੀ option ਵਿੱਚ ਵਿਦਿਆਰਥੀ ਦੀ unique id ਭਰ ਕੇ Search button ਤੇ ਕਲਿੱਕ ਕੀਤਾ ਜਾਵੇ।
4. ਇਸ ਉਪਰੰਤ Student Details screen ਤੇ show ਹੋ ਜਾਣਗੀਆਂ। Select Correction Field ਦੀ option ਵਿੱਚ field select ਕਰਨ ਉਪਰੰਤ New Value Column ਵਿੱਚ ਸਹੀ ਵੇਰਵੇ ਭਰ ਕੇ Add Record button ਤੇ ਕਲਿੱਕ ਕੀਤਾ ਜਾਵੇ। Add ਕੀਤਾ Record screen ਤੇ ਸ਼ੋਅ ਹੋ ਜਾਵੇਗਾ।
5. Rough Print ਦੀ option ਵਿੱਚ ਸੋਧੇ ਗਏ ਵੇਰਵੇ ਚੈੱਕ ਕਰਕੇ **Final Submit and Verify** ਤੇ ਕਲਿੱਕ ਕੀਤਾ ਜਾਵੇ।
6. Print Correction Performa ਦੇ ਲਿੰਕ ਤੇ ਕਲਿੱਕ ਕਰਕੇ Correction Performa ਦਾ Print ਲਿਆ ਜਾ ਸਕਦਾ ਹੈ।
7. Correction Performa ਜਨਰੇਟ ਕਰਨ ਤੋਂ ਬਾਅਦ ਸਕੂਲ ਪੱਧਰ ਤੇ ਦਿੱਤੇ ਸਮੇਂ ਦੌਰਾਨ ਸਕੂਲਾਂ ਵੱਲੋਂ ਵੇਰਵਿਆਂ ਦੀ ਸੋਧਾਂ (ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ, ਫੋਟੋ ਅਤੇ ਹਸਤਾਖਰਾਂ ਨੂੰ ਛੱਡ ਕੇ) ਨੂੰ **Final Submit and Verify** ਕਰਨਾ ਯਕੀਨੀ ਬਣਾਇਆ ਜਾਵੇ, ਸਿਰਫ Correction Performa ਜਨਰੇਟ ਕਰਨ ਨਾਲ ਸੋਧਾਂ update ਨਹੀਂ ਹੋਣਗੀਆਂ। ਇਸ ਉਪਰੰਤ ਨਿਰਧਾਰਿਤ ਸ਼ਡਿਊਲ ਅਨੁਸਾਰ correction performa ਜਨਰੇਟ ਕਰਨ ਉਪਰੰਤ ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਬਣਦੀ ਜੁਰਮਾਨਾ ਫੀਸ ਜ਼ਮ੍ਹਾ ਕਰਵਾ ਕੇ ਸੋਧਾਂ ਨੂੰ verify ਕਰਵਾਉਣਾ ਯਕੀਨੀ ਬਣਾਇਆ ਜਾਵੇ।

**<u>Check List regarding Verify Corrections at School Level:</u>**

Correction Performa Drop down Menu ਵਿੱਚ Status of Correction ਦੀ option ਵਿੱਚ Correction status ਚੈੱਕ ਕੀਤਾ ਜਾ ਸਕਦਾ ਹੈ। ਜੇਕਰ Correction Status **Updated** show ਹੋ ਰਿਹਾ ਹੈ ਤਾਂ ਹੀ Verify ਕੀਤੀਆਂ ਗਈਆਂ Corrections ਨੂੰ Updated ਸਮਝਿਆ ਜਾਵੇ।

**ਨੋਟ :- ਮਿੱਥੀ / ਨਿਰਧਾਰਿਤ ਮਿਤੀ ਤੋਂ ਬਾਅਦ ਸੋਧਾਂ ਨੂੰ ਵੈਰੀਫਾਈ ਕਰਨ ਲਈ ਸਕੂਲਾਂ ਨੂੰ ਹੋਰ ਕੋਈ ਵਿਸ਼ੇਸ਼ ਮੌਕਾ ਨਹੀਂ ਦਿੱਤਾ ਜਾਵੇਗਾ। ਇਸ ਕਰਕੇ ਸੋਧਾਂ ਨੂੰ** Final Submit and Verify **ਕਰਨਾ ਯਕੀਨੀ ਬਣਾਇਆ ਜਾਵੇ। ਜੁਰਮਾਨਾ ਫੀਸ ਸਕੂਲ ਭਰੇਗਾ, ਵਿਦਿਆਰਥੀ ਨਹੀਂ।**

18/09/2025

**ਸੁਪਰਡੰਟ(ਰਜਿ.)**

**ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ**